## ਪੰਜਾਬ ਵਿਧਾਨ ਸਭਾ ਸਕੱਤਰੇਤ

**ਸ਼ੁੱਕਰਵਾਰ, ਮਿਤੀ 16 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

**ਨੂਰਪੁਰ ਬੇਦੀ ਵਿਖੇ ਉਦਯੋਗਿਕ ਯੂਨਿਟ ਲਗਾਉਣ ਬਾਰੇ**

1. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੂਰਪੁਰ ਬੇਦੀ ਸਬ-ਤਹਿਸੀਲ ਵਿਚ ਨਾਲਾਗੜ੍ਹ-ਬੱਦੀ (ਹਿਮਾਚਲ ਪ੍ਰਦੇਸ਼) ਦੀ ਤਰਜ ਤੇ ਕੋਈ ਉਦਯੋਗ ਲਗਾਏ ਜਾਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਆਦਰਸ਼ ਸੈਕੰਡਰੀ ਸਕੂਲ, ਪਥਰਾਲਾ ਦੀ ਭਾਈਵਾਲੀ ਸਬੰਧੀ**

15. **ਮਿਸ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਵਿਚ ਆਦਰਸ਼ ਸਕੂਲ ਨਿੱਜੀ ਐਜੂਕੇਸ਼ਨ ਵੈਲਫੇਅਰ ਸੁਸਾਇਟੀਆਂ ਦੀ ਭਾਈਵਾਲੀ ਨਾਲ ਚਲਾਏ ਜਾਂਦੇ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੈ ਤਾਂ ਸਾਲ 2012 ਤੋਂ 31.3.2017 ਤੱਕ ਆਦਰਸ਼ ਸੈਕੰਡਰੀ ਸਕੂਲ, ਪਥਰਾਲਾ ਜ਼ਿਲ੍ਹਾ ਬਠਿੰਡਾ ਨੂੰ ਕਿਹੜੀਆਂ-ਕਿਹੜੀਆਂ ਸੁਸਾਇਟੀਆਂ ਦੀ ਭਾਈਵਾਲੀ ਨਾਲ ਚਲਾਇਆ ਗਿਆ?

**ਮੌੜ (ਬਠਿੰਡਾ) ਵਿਖੇ ਪਾਣੀ ਦੀ ਪਾਈਪਾਂ ਵਿਛਾਉਣੀਆਂ**

28. **ਸਰਦਾਰ ਜਗਦੇਵ ਸਿੰਘ, ਐਮ.ਐਲ.ਏ.**:- ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਤਹਿਸੀਲ ਮੌੜ ਜਿਲ੍ਹਾ ਬਠਿੰਡਾ ਦੇ ਬਹੁਤ ਸਾਰੇ ਪਿੰਡਾਂ ਵਿੱਚ ਵਾਟਰ ਸਪਲਾਈ ਦਾ ਪਾਣੀ ਪੂਰਾ ਨਹੀਂ ਪਹੁੰਚ ਰਿਹਾ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਪਿੰਡਾਂ ਤੱਕ ਪਾਣੀ ਦੀਆਂ ਪਾਈਪਾਂ ਨਹੀਂ ਪਾਈਆਂ ਗਈਆਂ; ਜੇਕਰ ਅਜਿਹਾ ਹੈ ਤਾਂ ਇਹ ਪਾਈਪਾਂ ਕਦੋਂ ਤੱਕ ਵਿਛਾਏ ਜਾਣ ਦੀ ਸੰਭਾਵਨਾ ਹੈ?

**ਘੁੱਦਾ ਜ਼ਿਲ੍ਹਾ ਬਠਿੰਡਾ ਦੇ ਹਸਪਤਾਲ ਵਿੱਚ ਸਟਾਫ ਅਤੇ ਸਾਜ਼ੋ-ਸਮਾਨ ਦੀ ਪੂਰਤੀ**

16. **ਮਿਸ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਬ-ਡਵੀਜਨਲ ਹਸਪਤਾਲ, ਘੁੱਦਾ ਜ਼ਿਲ੍ਹਾ ਬਠਿੰਡਾ ਵਿਚ ਮਾਹਿਰ ਡਾਕਟਰ, ਸਟਾਫ ਨਰਸਾਂ ਅਤੇ ਹੋਰ ਲੋੜੀਂਦੇ ਸਟਾਫ ਦੀਆਂ ਅਸਾਮੀਆਂ ਸਾਲ 2012 ਤੋਂ ਖਾਲੀ ਪਈਆਂ ਹਨ;

ਅ) ਕੀ ਇਹ ਵੀ ਠੀਕ ਹੈ ਕਿ ਉਕਤ ਹਸਪਤਾਲ ਵਿਚ ਲੋੜੀਂਦੀਆਂ ਮਸ਼ੀਨਾਂ ਅਤੇ ਹੋਰ ਸਾਜ਼ੋ ਸਮਾਨ ਦੀ ਬਹੁਤ ਘਾਟ ਹੈ;

ੲ) ਜੇਕਰ ਭਾਗ (ੳ) ਅਤੇ (ਅ) ਦਾ ਜਵਾਬ ਹਾਂ ਵਿਚ ਹੈ ਤਾਂ ਉਕਤ ਹਸਪਤਾਲ ਵਿੱਚ ਖਾਲੀ ਪਈਆਂ ਅਸਾਮੀਆ ਨੂੰ ਭਰਨ ਅਤੇ ਲੋੜੀਂਦੀਆਂ ਮਸ਼ੀਨਾਂ ਅਤੇ ਸਾਜ਼ੋ-ਸਮਾਨ ਨੂੰ ਕਦੋਂ ਤੱਕ ਮੁਹੱਈਆਂ ਕੀਤੇ ਜਾਣ ਦੀ ਸੰਭਾਵਨਾ ਹੈ?

**ਮੌੜ (ਬਠਿੰਡਾ) ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨਾ**

29. **ਸਰਦਾਰ ਜਗਦੇਵ ਸਿੰਘ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਤਹਿਸੀਲ ਮੌੜ ਜਿਲ੍ਹਾ ਬਠਿੰਡਾ ਦੇ ਪ੍ਰਾਇਮਰੀ/ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਅਧਿਆਪਕਾਂ ਦੀ ਘਾਟ ਨੂੰ ਕਦੋਂ ਪੂਰਾ ਕਰ ਲਿਆ ਜਾਵੇਗਾ;

ਅ) ਕੀ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿੱਚੋਂ ਅੱਪ-ਗ੍ਰੇਡ ਕੀਤੇ ਸਕੂਲਾਂ ਵਿੱਚ ਚਾਲੂ ਸੈਸ਼ਨ ਵਿੱਚ ਨਵੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ, ਜੇਕਰ ਨਹੀਂ ਤਾਂ ਇਹ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

**ਬਰਨਾਲਾ ਜ਼ਿਲ੍ਹੇ ਵਿੱਚ ਪਾਖਾਨੇ ਬਣਾਉਣਾ**

37. **ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.**:- ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਰਨਾਲਾ, ਵਿਚ ਪਿਛਲੇ 5 ਸਾਲਾਂ ਦੇ ਦੌਰਾਨ ਸਰਕਾਰ ਦੇ ਸੈਨੀਟੇਸ਼ਨ ਵਿਭਾਗ ਦੁਆਰਾ ਕਿੰਨੇ ਪਾਖਾਨੇ ਬਣਾਏ ਗਏ, ਉਨ੍ਹਾਂ ਤੇ ਕਿੰਨੀ ਲਾਗਤ ਆਈ ਅਤੇ ਉਨ੍ਹਾਂ ਦਾ ਪਿੰਡ ਵਾਰ ਵੇਰਵੇ ਕੀ ਹਨ?

**ਪੰਜਾਬ ਵਿਚ 1969 ਤੋਂ ਬਾਅਦ ਫੈਕਟਰੀਆਂ ਚ ਕੰਮ ਕਰਦੇ ਕਾਮਿਆਂ ਲਈ ਮਕਾਨ ਅਲਾਟ ਕਰਨਾ**

38. **ਸਰਦਾਰ ਬਲਬੀਰ ਸਿੰਘ ਸਿੱਧੂ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਕਿਰਤ ਵਿਭਾਗ ਪੰਜਾਬ ਵੱਲੋਂ 1969 ਤੋਂ ਬਾਅਦ ਫੈਕਟਰੀਆਂ ਵਿੱਚ ਕੰਮ ਕਰਦੇ ਕਾਮਿਆਂ ਲਈ ਮੋਹਾਲੀ ਅਤੇ ਹੋਰ ਸ਼ਹਿਰਾਂ ਵਿਚ ਕੋਈ ਮਕਾਨ ਬਣਾਏ ਗਏ ਸਨ;

ਅ) ਜੇਕਰ ਹਾਂ, ਤਾਂ ਕੀ ਲੋਕਾਂ ਨੂੰ ਇਨ੍ਹਾਂ ਮਕਾਨਾਂ ਦੀ ਅਲਾਟਮੈਂਟ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਕਦੋਂ ਤੱਕ ਇਹ ਅਲਾਟਮੈਂਟ ਕਰ ਦਿੱਤੀ ਜਾਵੇਗੀ?

**ਮੌੜ ਮੰਡੀ ਵਿਖੇ ਹੋਏ ਬੰਬ ਬਲਾਸਟ ਦੇ ਦੋਸ਼ੀਆਂ ਨੂੰ ਪਕੜਨਾ**

30. **ਸਰਦਾਰ ਜਗਦੇਵ ਸਿੰਘ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਨਵਰੀ, 2017 ਵਿੱਚ ਮੌੜ ਮੰਡੀ ਜਿਲ੍ਹਾ ਬਠਿੰਡਾ ਵਿੱਖੇ ਬੰਬ ਬਲਾਸਟ ਹੋਇਆ ਸੀ;

ਅ) ਜੇਕਰ ਭਾਗ (ੳ) ਦਾ ਉਤੱਰ ਹਾਂ ਵਿੱਚ ਹੈ ਤਾਂ ਬੰਬ ਬਲਾਸਟ ਵਿੱਚ ਕਿੰਨੇ ਵਿਅਕਤੀਆਂ ਦੀ ਮੌਤ ਹੋਈ ਅਤੇ ਕੀ ਕੋਈ ਦੋਸ਼ੀ ਪਕੜਿਆ ਗਿਆ ਹੈ; ਜੇਕਰ ਪਕੜਿਆ ਗਿਆ ਹੈ ਤਾਂ ਵੇਰਵੇ ਦਿੱਤੇ ਜਾਣ?

**ਸ਼ਗਨ ਸਕੀਮ ਅਧੀਨ ਪ੍ਰਾਪਤ ਹੋਈਆਂ ਦਰਖਾਸਤਾਂ**

39. **ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.**:- ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ ਵਿਧਾਨ ਸਭਾ ਹਲਕਾ ਜ਼ੀਰਾ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਸ਼ਗਨ ਸਕੀਮ ਦੀਆਂ ਕੁੱਲ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆ ਹਨ;

ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਦਰਖਾਸਤਾਂ ਵਿੱਚੋਂ ਕਿੰਨੀਆਂ ਨੂੰ ਸ਼ਗਨ ਸਕੀਮ ਅਧੀਨ ਲਾਭ ਦੇ ਦਿੱਤਾ ਗਿਆ ਹੈ ਅਤੇ ਪੈਡਿੰਗ ਪਈਆਂ ਦਰਖਾਸਤਾਂ ਦਾ ਕਦੋਂ ਤੱਕ ਨਿਪਟਾਰਾ ਕਰ ਦਿੱਤਾ ਜਾਵੇਗਾ?

**ਵੰਡੀਆਂ ਗਈਆਂ ਅਖਤਿਆਰੀ ਗ੍ਰਾਂਟਾਂ**

40. **ਸਰਦਾਰ ਪਰਮਿੰਦਰ ਸਿੰਘ ਪਿੰਕੀ, ਐਮ.ਐਲ.ਏ.**:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੁਆਰਾ 01ਅਪ੍ਰੈਲ 2012 ਤੋਂ 31 ਜਨਵਰੀ 2017 ਦੌਰਾਨ ਵੰਡੀਆਂ ਗਈਆਂ ਅਖਤਿਆਰੀ ਗ੍ਰਾਂਟਾਂ ਦੇ ਵਿੱਤੀ ਸਾਲ ਵਾਰ ਵੇਰਵੇ ਕੀ ਹਨ ;

ਅ) ਉਪਰੋਕਤ ਗ੍ਰਾਂਟਾਂ ਪ੍ਰਾਪਤ ਕਰਨ ਵਾਲਿਆਂ ਦੇ ਨਾਮ ਅਤੇ ਪਤੇ ਕੀ-ਕੀ ਹਨ ਅਤੇ ਉਕਤ ਗ੍ਰਾਂਟਾਂ ਕਿਸ-ਕਿਸ ਕੰਮ ਲਈ ਵਰਤੀਆਂ ਗਈਆਂ ਹਨ?

**ਸਿਵਲ ਹਸਪਤਾਲ ਮੌੜ ਮੰਡੀ ਵਿਖੇ ਪੋਸਟ ਮਾਰਟਮ ਦੀ ਸੁਵਿਧਾ**

31. **ਸਰਦਾਰ ਜਗਦੇਵ ਸਿੰਘ, ਐਮ.ਐਲ.ਏ.**:- ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮੌੜ ਮੰਡੀ ਜਿਲ੍ਹਾ ਬਠਿੰਡਾ ਵਿਖੇ ਸਿਵਲ ਹਸਪਤਾਲ ਵਿੱਚ ਪੋਸਟ-ਮਾਰਟਮ ਕਰਨੇ ਬੰਦ ਕਰ ਦਿੱਤੇ ਗਏ ਹਨ, ਜੇਕਰ ਅਜਿਹਾ ਹੋਵੇ ਤਾਂ ਉਥੇ ਪੋਸਟ-ਮਾਰਟਮ ਦੀ ਸੁਵਿਧਾ ਬੰਦ ਕੀਤੇ ਜਾਣ ਦੇ ਕੀ ਕਾਰਨ ਹਨ;

ਅ) ਕੀ ਭਾਗ (ੳ) ਵਿਚ ਵਰਣਿਤ ਹਸਪਤਾਲ ਵਿਖੇ ਮਨਜ਼ੂਰ-ਸ਼ੁਦਾ ਅਸਾਮੀਆਂ ਤੇ ਅਮਲਾ ਤਾਇਨਾਤ ਹੈ; ਜੇਕਰ ਨਹੀਂ ਤਾਂ ਕਦੋਂ ਤੱਕ ਅਮਲਾ ਤਾਇਨਾਤ ਕਰ ਦਿੱਤਾ ਜਾਵੇਗਾ?

**ਸਾਲ 2007 ਤੋਂ ਫਰਵਰੀ 2017 ਦੌਰਾਨ ਪੀ.ਸੀ.ਐਸ. ਅਧਿਕਾਰੀਆਂ ਦੀ ਸਰਵਿਸ ਦਾ ਰਿਕਾਰਡ**

41. **ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2007 ਤੋਂ ਫਰਵਰੀ 2017 ਦੌਰਾਨ ਜਿਨ੍ਹਾਂ ਪੀ.ਸੀ.ਐਸ. (ਆਈ.ਏ.ਐਸ. ਵਜੋਂ ਪੱਦ ਉੱਨਤ ਹੋਏ ਸਮੇਤ) ਅਧਿਕਾਰੀਆਂ ਨੇ ਟਰਾਂਸਪੋਰਟ ਵਿਭਾਗ ਵਿੱਚ ਬਤੌਰ ਡੀ.ਟੀ.ਓ. ਅਤੇ ਆਰ.ਟੀ.ਓ. ਸਕੱਤਰ ਵਜੋਂ ਸਰਵਿਸ ਕੀਤੀ ਉਹਨ੍ਹਾਂ ਦੇ ਵੇਰਵੇ ਕੀ ਹਨ ਅਤੇ ਉਹਨਾਂ ਨੇ ਪੀ.ਸੀ.ਐਸ. ਕਾਡਰ ਵਿਚ ਅਤੇ ਟਰਾਂਪੋਰਟ ਵਿਭਾਗ ਵਿੱਚ ਕਿੰਨੀ ਦੇਰ ਸਰਵਿਸ ਕੀਤੀ?

ਪਰਤੋਂ ਜੀ ....

**ਸ਼ਗਨ ਸਕੀਮ ਦੇ ਜ਼ਿਲ੍ਹਾ-ਵਾਰ ਵੇਰਵੇ**

43. **ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.**:- ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਤੇ ਮਿਲਣ ਵਾਲੀ ਸ਼ਗਨ ਸਕੀਮ ਦੇ ਜ਼ਿਲ੍ਹੇ-ਵਾਰ ਵੇਰਵੇ ਕੀ-ਕੀ ਹਨ ਅਤੇ ਬਕਾਇਆ ਰਾਸ਼ੀ ਲਈ ਲਾਭਪਾਤਰੀਆਂ ਦੇ ਨਾਂ ਕੀ-ਕੀ ਹੈ;

ਅ) ਕੀ ਸਰਕਾਰ ਵਲੋਂ ਮਿਲ ਰਹੀ ਸ਼ਗਨ ਸਕੀਮ ਨੂੰ 15000/- ਰੁਪਏ ਤੋਂ ਵਧਾ ਕੇ 51000/- ਕਰਨ ਦਾ ਵਿਚਾਰ ਹੈ?

**ਮਿਊਂਸਪਲ ਕਮੇਟੀ ਤਲਵੰਡੀ ਸਾਬੋ ਨੂੰ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ**

44. **ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਊਂਸਿਪਲ ਕਮੇਟੀ, ਤਲਵੰਡੀ ਸਾਬੋ ਨੂੰ ਪਿਛਲੇ ਪੰਜ ਸਾਲਾਂ ਦੌਰਾਨ ਸਾਲ-ਵਾਈਜ਼ ਕਿੰਨੀ ਗਰਾਂਟ ਕਿਹੜੇ-ਕਿਹੜੇ ਕੰਮ ਲਈ ਦਿੱਤੀ ਗਈ ਅਤੇ ਕੀ ਉਕਤ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ ਜਾਂ ਅਧੂਰੇ ਪਏ ਹਨ?

**ਮਾਰਚ, 2007 ਤੋਂ ਫਰਵਰੀ 2017 ਦੌਰਾਨ ਪੰਜਾਬ ਚੌਕਸੀ ਬਿਊਰੋ ਦੁਆਰਾ ਦਰਜ ਕੀਤੇ ਮੁਕੱਦਮੇ**

42. **ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਮਾਰਚ 2007ਤੋਂ ਫਰਵਰੀ 2017 ਦੌਰਾਨ ਪੰਜਾਬ ਚੌਕਸੀ ਬਿਊਰੋ ਦੁਆਰਾ ਕੁੱਲ ਕਿੰਨੇ ਮੁਕੱਦਮੇ ਦਰਜ ਕੀਤੇ ਗਏ ਅਤੇ ਇਸ ਸਮੇਂ ਦੌਰਾਨ ਸਜ਼ਾ ਦਰ ਕਿੰਨੀ ਹੈ;

**ਅ)** ਉਪਰੋਕਤ ਭਾਗ (ੳ) ਵਿਚ ਵਰਣਿਤ ਉਨ੍ਹਾਂ ਵਿਅਕਤੀਆਂ ਦੇ ਨਾਮ ਕੀ-ਕੀ ਹਨ ਜਿਹਨ੍ਹਾਂ ਨੂੰ ਅਜਿਹੇ ਮਾਮਲਿਆਂ ਵਿਚ ਫੜ੍ਹਿਆਂ ਗਿਆ ਅਤੇ ਬਾਅਦ ਵਿਚ ਜਾਂਚ ਦੌਰਾਨ ਨਿਰਦੋਸ਼ ਪਾਇਆ ਗਿਆ;

**ੲ)** ਚੋਕਸੀ ਬਿਊਰੋ ਵਲੋਂ ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਉੱਤੇ ਮੁਕੱਦਮੇਂ ਚਲਾਉਣ ਲਈ ਸਰਕਾਰ ਤੋਂ ਆਗਿਆ ਮੰਗੀ ਗਈ ਉਹਨਾਂ ਦੀ ਗਿਣਤੀ ਕਿੰਨੀ ਸੀ ਅਤੇ ਅਜਿਹੇ ਵਿਅਕਤੀਆਂ ਦੇ ਨਾਮ ਅਤੇ ਗਿਣਤੀ ਕਿੰਨੀ ਸੀ ਜਿਨ੍ਹਾਂ ਵਿਰੁੱਧ ਸਰਕਾਰ ਵੱਲੋਂ ਆਗਿਆ ਦੇਣ ਤੋਂ ਇਨਕਾਰ ਕੀਤਾ ਗਿਆ?

**ਜੇ.ਐਸ.ਟੀ. ਅਧਿਆਪਕਾਂ ਨੂੰ ਮਾਸਟਰ ਕਾਡਰ ਦੇ ਬਰਾਬਰ ਗ੍ਰੇਡ ਦੇਣਾ**

48. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਿੱਖਿਆ ਵਿਭਾਗ ਵਿੱਚ ਪ੍ਰਾਇਮਰੀ ਅਧਿਆਪਕਾਂ ਨੂੰ ਜਿਨ੍ਹਾਂ ਦੀ ਵਿਦਿਅਕ ਯੋਗਤਾ ਬੀ.ਏ ਭਾਗ 1 ਅਤੇ ਬੀ.ਏ ਹੈ ਨੂੰ ਜੇ.ਐਸ. ਟੀ. ਗ੍ਰੇਡ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਗ੍ਰੇਡ 1.1.1978 ਨੂੰ ਕਿੰਨਾ ਦਿੱਤਾ ਸੀ;

ਅ) ਕੀ ਇਹ ਠੀਕ ਹੈ ਕਿ 1.1.1978 ਨੂੰ ਮਾਸਟਰ ਕਾਡਰ ਨੂੰ 660/- ਦਾ ਗ੍ਰੇਡ ਦਿੱਤਾ ਗਿਆ ਹੈ;

ੲ) ਕੀ ਇਹ ਵੀ ਠੀਕ ਹੈ ਕਿ ਜੇ.ਐਸ.ਟੀ. ਵਰਗ ਨੂੰ ਮਾਸਟਰ ਕਾਡਰ ਦੇ ਬਰਾਬਰ ਵਾਲਾ ਗ੍ਰੇਡ 660/- ਦਿੱਤਾ ਜਾਣਾ ਸੀ ਪਰ ਸਿੱਖਿਆ ਵਿਭਾਗ ਦੇ ਕੁਝ ਟੀਚਰਾਂ ਨੂੰ 660/- ਅਤੇ ਜ਼ਿਲ੍ਹਾ ਮਾਨਸਾ ਵਿੱਚ ਇਹ ਗ੍ਰੇਡ 620-/ ਦਿੱਤਾ ਗਿਆ ਹੈ;

ਸ) ਜੇਕਰ ਉਪਰੋਕਤ (ੲ) ਦਾ ਉੱਤਰ ਹਾਂ ਵਿਚ ਹੈ ਤਾਂ ਕੀ ਜ਼ਿਲ੍ਹਾ ਮਾਨਸਾ ਦੇ ਜੇ.ਐਸ.ਟੀ ਗ੍ਰੇਡ ਪ੍ਰਾਪਤ ਕਰਨ ਵਾਲੇ ਟੀਚਰਾਂ ਨੂੰ 1.1.78 ਤੋਂ ਗ੍ਰੇਡ 660/- ਕਦੋਂ ਤੱਕ ਦੇ ਦਿੱਤਾ ਜਾਵੇਗਾ?

**ਗੁਰਦਾਸਪੁਰ ਬਲਾਕ ਵਿਚ ਹੋਏ 1.27 ਕਰੋੜ ਦੇ ਗਬ੍ਹਨ ਸਬੰਧੀ**

74. **ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਗੁਰਦਾਸਪੁਰ ਬਲਾਕ ਵਿੱਚ ਜੁਲਾਈ 2009 ਤੋਂ ਮਈ 2012 ਤੱਕ 1.27 ਕਰੋੜ ਰੁਪਏ ਦੇ ਗਬਨ ਵਿੱਚ ਸ਼੍ਰੀਮਤੀ ਨਰਿੰਦਰ ਕੌਰ (ਅਕਾਊਂਟੈਂਟ) ਨੂੰ ਕੋਈ ਸਜਾ ਹੋਈ ਸੀ;

ਅ) ਕੀ ਉਕਤ ਸਮੇਂ ਦੇ ਦੌਰਾਨ ਜੋ ਬੀ.ਡੀ.ਪੀ.ਓ. ਉਸ ਬਲਾਕ ਵਿੱਚ ਤਾਇਨਾਤ ਰਹੇ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਗਈ ਹੈ;

ੲ) ਉਕਤ ਗਬਨ ਦੀ ਰਾਸ਼ੀ ਦੀ ਰਿਕਵਰੀ ਕਰਨ ਵਾਸਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

**ਬਾਜੀਗਰ ਬਰਾਦਰੀ ਲਈ ਨੌਕਰੀਆਂ ਵਿਚ ਰਾਖਵਾਕਰਨ**

70. **ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.**:- ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਸਾਲ 2001 ਤੋਂ ਹੁਣ ਤੱਕ ਬਾਜ਼ੀਗਰ ਬਰਾਦਰੀ ਨੂੰ ਨੌਕਰੀਆਂ ਵਿੱਚ 2 ਪ੍ਰਤੀਸ਼ਤ ਕੋਟੇ ਅਧੀਨ ਕਿੰਨੀਆਂ ਆਸਾਮੀਆਂ ਭਰੀਆਂ ਗਈਆਂ ਹਨ ਅਤੇ ਕਿੰਨੀਆਂ ਖਾਲੀ ਪਈਆਂ ਹਨ;

ਅ) ਕੀ ਭਰਤੀ ਪ੍ਰਕਿਰਿਆ ਦੌਰਾਨ ਅਪਲਾਈ ਕਰਨ ਸਮੇਂ ਬਾਜ਼ੀਗਰ ਬਰਾਦਰੀ ਲਈ ਵੱਖਰਾ ਕਾਲਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਜਲੰਧਰ ਵਿੱਚ ਟੈਸਟ ਅਤੇ ਇਲਾਜ ਦੇ ਰੇਟ**

73. **ਸਰਦਾਰ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਇਕਰਾਰਨਾਮੇ ਅਨੁਸਾਰ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਜਲੰਧਰ (ਪਿਮਜ਼) ਨੂੰ ਮਰੀਜਾਂ ਦੇ ਟੈਸਟ ਅਤੇ ਇਲਾਜ ਦੇ ਰੇਟ ਪੀ.ਜੀ.ਆਈ ਚੰਡੀਗੜ੍ਹ ਦੇ ਬਰਾਬਰ ਰੇਟਾਂ ਅਨੁਸਾਰ ਚਾਰਜ ਕਰਨੇ ਪੈਂਦੇ ਹਨ;

**ਅ)** ਕੀ ਇਹ ਵੀ ਠੀਕ ਹੈ ਕਿ ਇੰਡੀਅਨ ਮੈਡੀਕਲ ਕੌਂਸਲ ਦੁਆਰਾ ਜਾਰੀ ਸੇਧਾਂ/ਰੂਲਾਂ ਅਨੁਸਾਰ ਰਿਟਾਇਰਮੈਂਟ ਦੀ ਉਮਰ ਤੋਂ ਬਾਅਦ ਡਾਕਟਰ ਕਾਲਜਾਂ ਵਿੱਚ ਕੰਮ ਨਹੀਂ ਕਰ ਸਕਦੇ; ਜੇਕਰ ਹਾਂ ਤਾਂ ਕੀ ਇਸ ਦੀ ਇਸ ਇੰਸਟੀਚਿਊਟ ਵਿੱਚ ਪਾਲਣਾ ਹੋ ਰਹੀ ਹੈ;

**ੲ)** ਕੀ ਇਹ ਵੀ ਠੀਕ ਹੈ ਕਿ ਕਿਸੇ ਵੀ ਡਾਕਟਰੀ ਸਹੂਲਤ ਨੂੰ ਸਬਲੈਟ ਨਹੀਂ ਕੀਤਾ ਜਾ ਸਕਦਾ ਜਾਂ ਇਸ ਕੰਮ ਨੂੰ ਕਰਨ ਲਈ ਕਿਸੇ ਹੋਰ ਏਜੰਸੀ ਨੂੰ ਠੇਕੇ ਤੇ ਨਹੀਂ ਦਿੱਤਾ ਜਾ ਸਕਦਾ;

**ਸ)** ਕੀ ਇਹ ਠੀਕ ਹੈ ਕਿ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਇਮਾਰਤ ਨੂੰ ਬਦਲਿਆ ਨਹੀਂ ਜਾ ਸਕਦਾ ਅਤੇ ਕੀ ਇਸ ਕਾਲਜ ਵਿੱਚ ਅਜਿਹਾ ਹੋਇਆ ਹੈ;

ਹ) ਸਰਕਾਰ ਵੱਲੋਂ ਪਿਛਲੇ ਸਾਲ ਦੌਰਾਨ ਡੇਂਗੂ ਬੁਖਾਰ ਦੇ ਇਲਾਜ ਲਈ ਕੀ ਰੇਟ ਨਿਯਤ ਕੀਤੇ ਗਏ ਸਨ ਅਤੇ ਉਕਤ ਮੈਡੀਕਲ ਕਾਲਜ਼ ਦੁਆਰਾ ਕੀ ਰੇਟ ਚਾਰਜ ਕੀਤੇ ਗਏ?

**ਰਾਜ ਵਿਚ ਵੇਰਕਾ ਮਿਲਕ ਪਲਾਂਟਾਂ ਦੀ ਗਿਣਤੀ**

84. **ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਵੇਰਕਾ ਮਿਲਕ ਪਲਾਂਟ ਕਿੰਨੇ ਅਤੇ ਕਿਸ-ਕਿਸ ਸਥਾਨ ਤੇ ਸਥਿਤ ਹਨ;

ਅ) ਉਪਰੋਕਤ ਮਿਲਕ ਪਲਾਂਟਸ ਵਿੱਚੋਂ ਕਿੰਨੇ ਅਤੇ ਕਿਹੜੇ ਕਿਹੜੇ ਮਿਲਕ ਪਲਾਂਟਜ਼ 1.4.1997 ਤੋਂ 31.3.2017 ਦੇ ਸਮੇਂ ਦੌਰਾਨ ਲਾਭ ਵਿੱਚ ਰਹੇ ਅਤੇ ਕਿਹੜੇ ਕਿਹੜੇ ਘਾਟੇ ਵਿੱਚ ਰਹੇ;

ੲ) ਘਾਟੇ ਵਿੱਚ ਚੱਲਣ ਵਾਲੇ ਪਲਾਂਟਜ਼ ਦੇ ਕੀ ਕਾਰਨ ਹਨ;

ਸ) ਉਪਰੋਕਤ ਭਾਗ (ਅ) ਵਿੱਚ ਵਰਣਿਤ ਸਮੇਂ ਦੇ ਦੌਰਾਨ ਵੇਰਕਾ ਮਿਲਕ ਪਲਾਂਟ ਜ਼ਿਲ੍ਹਾ ਗੁਰਦਾਸਪੁਰ ਦੀ ਵਿੱਤੀ ਸਥਿਤੀ (ਨਫਾ/ਨੁਕਸਾਨ), ਦੂਸਰੇ ਮਿਲਕ ਪਲਾਂਟਜ਼ ਦੇ ਮੁਕਾਬਲੇ ਕਿਹੋ ਜਿਹੀ ਰਹੀ;

ਹ) ਕੀ ਵੇਰਕਾ ਮਿਲਕ ਪਲਾਂਟ ਜ਼ਿਲ੍ਹਾ ਗੁਰਦਾਸਪੁਰ, ਕੋ-ਆਪਰੇਟਿਵ ਸੁਸਾਇਟੀਜ਼ ਐਕਟ ਦੇ ਅਧੀਨ ਬਣੇ ਰੂਲਜ਼ ਅਤੇ ਰੈਗੂਲੇਸ਼ਨਜ਼ ਦੇ ਅਨੁਸਾਰ ਕੰਮ ਕਰ ਰਿਹਾ ਹੈ;

ਕ) ਕੀ ਵੇਰਕਾ ਮਿਲਕ ਪਲਾਂਟ ਗੁਰਦਾਸਪੁਰ ਦਾ ਵਿਸ਼ੇਸ਼ ਆਡਿਟ ਸਾਲ 2007 ਤੋਂ 2017 ਤੱਕ ਦੇ ਸਮੇਂ ਦਾ ਕਰਵਾਉਣ ਦਾ ਸਰਕਾਰ ਦਾ ਕੋਈ ਵਿਚਾਰ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਚੰਡੀਗੜ੍ਹ**
ਮਿਤੀ 14 ਜੂਨ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।